# ਕਬਿ ਕਲ ਸੁਜਸੁ ਗਾਵਉ ਗੁਰ ਨਾਨਕ-੧

## ਸਵਈਏ  ਮਹਲੇ ਪਹਿਲੇ ਕੇ ੧

### ੴ ਸਤਿ ਗੁਰ ਪ੍ਰਸਾਦਿ

'ਸਵਈਏ' ਨਾਂ ਦੀ ਬਾਣੀ, ਗੁਰੂ ਗ੍ਰੰਥ ਸਾਹਿਬ ਵਿਚ ਪੰਨਾ ੧੩੮੯ ਤੋਂ ਸ਼ੁਰੂ ਹੁੰਦੀ ਹੈ। ਇਹ ਸਵਈਏ ਸ੍ਰੀ ਗੁਰੂ ਨਾਨਕ ਸਾਹਿਬ ਤੋਂ ਪੰਜਵੇਂ ਪਾਤਸ਼ਾਹ ਤਕ ਦੀ ਉਸਤਤਿ ਵਿਚ, ਭੱਟ ਸਾਹਿਬਾਨ ਦੁਆਰਾ, ਸ੍ਰੀ ਗੁਰੂ ਅਰਜਨ ਸਾਹਿਬ ਦੀ ਛੱਤਰ ਛਾਇਆ ਥਲੇ, ਉਚਾਰਣ ਕੀਤੇ ਗਏ ਸਨ। ਇਹ ਸਾਰੇ ਭੱਟ ਸਾਹਿਬਾਨ, ਸੁਲਤਾਨਪੁਰ ਲੋਧੀ ਦੇ ਰਹਿਣ ਵਾਲੇ ਸਨ ਜਿਥੇ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਨੇ ੧੩ ਸਾਲ ਮੋਦੀਖਾਨੇ ਦੀ ਨੌਕਰੀ ਕੀਤੀ ਸੀ। ਮੱਧ ਕਾਲ ਦੌਰਾਨ ਭੱਟ ਲੋਕ ਰਾਜਿਆਂ ਦੇ ਦਰਬਾਰ ਵਿਚ ਜੰਗੀ (martial) ਗੀਤ ਗਾਇਆ ਕਰਦੇ ਸਨ ਅਤੇ ਰਾਜਿਆਂ ਦੀ ਬਹਾਦਰੀਆਂ ਦੀ ਉਪਮਾ ਕਰਿਆ ਕਰਦੇ ਸਨ। ਗੁਰੂ ਗ੍ਰੰਥ ਸਾਹਿਬ ਵਿਚ ਜਿਨ੍ਹਾਂ ਭੱਟ ਸਾਹਿਬਾਨ ਦੀਆਂ ਰਚਨਾਵਾਂ ਸ਼ਾਮਲ ਹਨ, ਉਨ੍ਹਾਂ ਨੂੰ ਸਤਿਗੁਰੂ ਜੀ ਦੀ ਬਖ਼ਸ਼ਿਸ਼ ਸਦਕਾ ਰੱਬੀ ਗਿਆਨ ਦੀ ਪ੍ਰਾਪਤੀ ਸੀ। ਉਨ੍ਹਾਂ ਨੇ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਉਸਤਤਿ ਵਿਚ ਇਹ ਰਚਨਾਵਾਂ ਕੀਤੀਆਂ ਅਤੇ ਇਹ ਗੁਰੂ ਸਾਹਿਬਾਨ ਦੀ ਉਸਤਤਿ ਉਨ੍ਹਾਂ ਦੇ ਬ੍ਰਹਮਗਿਆਨ ਦਾ ਪ੍ਰਕਾਸ਼ ਹਨ, ਜਿਸ ਕਰਕੇ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਨੇ ਇਨ੍ਹਾਂ ਨੂੰ ਬਾਣੀ ਦਾ ਦਰਜਾ ਦਿਤਾ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤਾ। ਇਨ੍ਹਾਂ ਭੱਟ ਸਾਹਿਬਾਨ ਦੀ ਗਿਣਤੀ ੧੧ ਹੈ। ਇਨ੍ਹਾਂ ਦੀ ਰਚਨਾ ਸਵਈਏ ਛੰਦ ਵਿਚ ਉਚਾਰਣ ਕੀਤੀ ਗਈ ਹੈ।

ਮੌਜੂਦਾ ਸਵਈਏ, ਸ੍ਰੀ ਗੁਰੂ ਨਾਨਕ ਦੇਵ ਸਾਹਿਬ ਦੀ ਉਸਤਤਿ ਵਿਚ 'ਸਵਈਏ ਮਹਿਲੇ ਪਹਿਲੇ ਕੇ ੧' ਦੇ ਸਿਰਲੇਖ ਹੇਠ ਦਰਜ ਹਨ। ਇਨ੍ਹਾਂ ਦੀ ਗਿਣਤੀ ੧੦ ਹੈ। ਬਾਣੀ ਦੇ ਸਿਰਲੇਖ ਉਪਰੰਤ, ਮੰਗਲਾਚਰਣ ਦਾ ਸੰਖਿਪਤ ਸਰੂਪ ਅੰਕਤ ਕੀਤਾ ਗਿਆ ਹੈ।
ਸ੍ਰੀ ਗੁਰੂ ਨਾਨਕ ਸਾਹਿਬ ਦੀ ਸਿਫ਼ਤ ਕਰਣ ਤੋਂ ਪਹਿਲਾਂ, ਪਹਿਲੇ ਸਵਈਏ ਵਿਚ, ਅਕਾਲ ਪੁਰਖ ਦੀ ਸਿਫ਼ਤ ਸਲਾਹ ਕੀਤੀ ਗਈ ਹੈ। ਇਹ ਸਵਈਏ, ਭੱਟ ਕਲ ਸਹਾਰ ਜੀ ਦੇ ਉਚਾਰਣ ਕੀਤੇ ਹੋਏ ਹਨ।

**ਇਕ ਮਨਿ  ਪੁਰਖੁ ਧਿਆਇ ਬਰਦਾਤਾ॥ ਸੰਤ ਸਹਾਰੁ ਸਦਾ ਬਿਖਿਆਤਾ॥**

-- ਭੱਟ ਕਲ ਸਹਾਰ ਜੀ ਇਕ ਮਨ ਹੋ ਕੇ ਉਸ ਅਕਾਲ ਪੁਰਖ ਨੂੰ ਧਿਆਉਂਦੇ ਹਨ ਜੋ ਸਾਰੀਆਂ ਬਖ਼ਸ਼ਿਸ਼ਾਂ ਕਰਣ ਵਾਲਾ ਹੈ। ਉਹ ਆਪਣੇ ਸੰਤਾਂ ਦਾ ਸਹਾਈ ਹੈ ਅਤੇ ਉਨ੍ਹਾਂ ਲਈ ਸਦਾ ਪ੍ਰਤੱਖ, ਹਾਜ਼ਰ ਨਾਜ਼ਰ ਹੈ।

**ਤਾਸੁ ਚਰਨ ਲੇ ਰਿਦੈ ਬਸਾਵਉ॥ ਤਉ ਪਰਮ ਗੁਰੂ ਨਾਨਕ ਗੁਨ ਗਾਵਉ॥੧॥**

-- ਪਹਿਲਾਂ, ਮੈਂ ਉਨ੍ਹਾਂ ਦੇ ਚਰਣਾਂ ਦਾ ਧਿਆਨ, ਆਪਣੇ ਹਿਰਦੇ ਵਿਚ ਧਰਦਾ ਹਾਂ। ਫ਼ਿਰ, ਮੈਂ ਮਹਾਨ ਪਰਮ ਗੁਰੂ ਨਾਨਕ ਦੇ ਗੁਣਾਂ ਦਾ ਬਖਾਨ ਕਰਦਾ ਹਾਂ।੧।

**ਗਾਵਉ ਗੁਨ ਪਰਮ ਗੁਰੂ ਸੁਖ ਸਾਗਰ ਦੁਰਤ ਨਿਵਾਰਣ ਸਬਦ ਸਰੇ॥**

ਇਥੋਂ ਸ੍ਰੀ ਗੁਰੂ ਨਾਨਕ ਸਾਹਿਬ ਦੀ ਉਸਤਤਿ ਵਿਚ, ਭੱਟ ਕਵੀ ਕਲ ਸਹਾਰ, ਬਾਣੀ ਰਚਨਾ ਅਰੰਭ ਕਰਦੇ ਹਨ।

-- ਅਕਾਲ ਪੁਰਖ ਦਾ ਗੁਣਗਾਣ ਕਰਣ ਤੋਂ ਉਪਰੰਤ, ਸਭ ਤੋਂ ਸ੍ਰੇਸ਼ਟ ਗੁਰੂ, ਬਾਬਾ ਜੀ, ਗੁਰੂ ਨਾਨਕ ਸਾਹਿਬ, ਜੋ ਸੁਖਾਂ ਦਾ ਸਾਗਰ, ਜੋ, ਗੁਰ ਸ਼ਬਦ ਦੇ ਕੇ ਸਾਰੇ ਦੁਖ ਕਟਣ ਵਾਲਾ ਹੈ, ਉਸ ਦੇ ਗੁਣ ਗਾਉਂਦਾ ਹਾਂ। ਗੁਰ ਸ਼ਬਦ ਦਾ ਭਾਵ ਹੈ ਗੁਰਮੰਤਰ, ਜੋ ਸਾਡੇ ਲਈ 'ਵਾਹਗੁਰੂ (ਵਾਹਿਗੁਰੂ) ਹੈ, ਜੋ ਭਾਈ ਗੁਰਦਾਸ ਜੀ ਨੇ ਵੀ ਲਿਖਿਆ ਹੈ - 'ਵਾਹਿਗੁਰੂ ਗੁਰ ਸਬਦੁ ਸੁਣਾਇਆ॥', ਵਾਰ ੨੪:੧.

**ਗਾਵਹਿ ਗੰਭੀਰ ਧੀਰ ਮਤਿ ਸਾਗਰ ਜੋਗੀ ਜੰਗਮ ਧਿਆਨੁ ਧਰੇ॥**

-- ਉਸ ਗੁਰੂ ਨਾਨਕ ਦੇ ਗੁਣਾਂ ਨੂੰ ਅਧਿਆਤਮਕ ਤੌਰ ਤੇ ਗੰਭੀਰ, ਸੰਜੀਦਾ, ਵਡੇ ਧੀਰਜ-ਵਾਨ ਅਤੇ ਸਮੁੰਦਰ ਜਿਤਨੀ ਜ਼ਿਆਦਾ ਅਤੇ ਉਚੀ ਅਧਿਆਤਮਕ ਮੱਤ ਵਾਲੇ, ਭਾਵ, ਵਡੇ ਵਡੇ ਰਿਖੀ ਮੁਨੀ ਤਪੱਸਵੀ ਗਾ ਰਹੇ ਹਨ, ਜਪ ਰਹੇ ਹਨ, ਗੁਰੂ ਨਾਨਕ ਦੇ ਨਾਮ ਦਾ ਜਾਪ ਜਪ ਰਹੇ ਹਨ। ਪੁਜੇ ਹੋਏ ਜੋਗੀ, ਸ਼ੈਵ ਮੱਤ ਵਾਲੇ, ਉਸ ਗੁਰੂ ਨਾਨਕ ਦਾ ਧਿਆਨ ਧਰਦੇ ਹਨ, ਉਸ ਦਾ ਸਿਮਰਣ ਕਰਦੇ ਹਨ।

ਸਾਨੂੰ ਵੀ ਦਸਵੇਂ ਪਾਤਸ਼ਾਹ ਨੇ, ਅਕਾਲ ਪੁਰਖ ਤੋਂ ਬਾਅਦ, ਸ੍ਰੀ ਗੁਰੂ ਨਾਨਕ ਦੇਵ ਸਾਹਿਬ ਦਾ ਸਿਮਰਣ ਕਰਣ ਦਾ ਫ਼ੁਰਮਾਣ ਕੀਤਾ ਹੈ - 'ਪ੍ਰਥਮਿ ਭਗਉਤੀ ਸਿਮਰ ਕੈ ਗੁਰੂ ਨਾਨਕ ਲਈ ਧਿਆਇ॥'

**ਗਾਵਹਿ ਇੰਦ੍ਰਾਦਿ ਭਗਤ ਪ੍ਰਹਿਲਾਦਾਦਿਕ ਆਤਮ ਰਸੁ ਜਿਨਿ ਜਾਣਿਓ॥**

-- ਭੱਟ ਕਲ ਜੀ ਦੀ ਦਿਬ ਦ੍ਰਿਸ਼ਟੀ ਅਨੁਸਾਰ, ਸ੍ਰੀ ਗੁਰੂ ਨਾਨਕ ਸਾਹਿਬ ਦਾ ਗੁਣਗਾਨ, ਸਿਮਰਣ, ਇੰਦਰ ਆਦਿਕ ਦੇਵ ਗਣ, ਭਗਤ ਪ੍ਰਹਿਲਾਦ ਆਦਿਕ ਅਜਿਹੇ ਉਹ ਭਗਤ ਕਰਦੇ ਹਨ, ਜਿਨ੍ਹਾਂ ਨੇ ਆਤਮ ਰਸ, ਨਾਮ ਅੰਮ੍ਰਿਤ ਰਸ ਨੂੰ ਚਖ ਲਿਆ ਹੋਇਆ ਹੈ।

ਚੇਤੇ ਰਹੇ, ਦਸਵੇਂ ਪਾਤਸ਼ਾਹ ਦਾ ਫ਼ੁਰਮਾਣ ਹੈ ਕਿ ਜਿਸ ਨੇ ਆਤਮ ਰਸ, ਭਾਵ, ਨਾਮ ਰਸ ਨੂੰ ਚਖ ਲਿਆ ਹੈ, ਉਹੀ ਖ਼ਾਲਸਾ ਹੈ; ਪ੍ਰਭੂ ਵਿਚ, ਮੇਰੇ ਵਿਚ ਅਤੇ ਉਸ ਆਤਮ ਰਸ ਚਖੇ ਪ੍ਰਾਣੀ, ਖ਼ਾਲਸਾ ਵਿਚ ਕੋਈ ਭੇਦ ਨਹੀਂ - 'ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥ ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ॥', ਸਰਬ ਲੋਹ ਗ੍ਰੰਥ।

**ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ॥੨॥**

-- ਕਵੀ ਕਲ, ਉਸ ਗੁਰੂ ਨਾਨਕ ਦਾ ਸੋਹਣਾ ਜਸ ਗਾਇਨ ਕਰਦਾ ਹੈ, ਸਿਮਰਦਾ ਹੈ, ਜਿਸ ਨੇ ਰਾਜ ਜੋਗ ਮਾਣਿਆ ਹੈ, ਜਿਸ ਕੋਲ ਸਾਰੀ ਕਾਇਨਾਤ ਦਾ ਰਾਜ ਹੈ ਅਤੇ ਉਸ ਨੇ ਪ੍ਰਭੂ ਨਾਲ ਜੋਗ ਕੀਤਾ ਹੋਇਆ ਹੈ, ਇਕ ਰੂਪ ਹੈ।੨।

**ਗਾਵਹਿ ਜਨਕਾਦਿ ਜੁਗਤਿ ਜੋਗੇਸੁਰ ਹਰਿ ਰਸ ਪੂਰਨ ਸਰਬ ਕਲਾ॥**

-- ਉਸ ਗੁਰੂ ਨਾਨਕ ਦਾ ਜਸ, ਜਨਕ ਆਦਿ ਰਾਜੇ, ਰੱਬੀ ਮਾਰਗ ਦੀ ਜੁਗਤੀ ਜਾਣਨ ਵਾਲੇ ਸਿਰਮੌਰ ਜੋਗੀ ਵੀ ਗਾਉਂਦੇ ਹਨ, ਉਹ ਗੁਰੂ ਨਾਨਕ ਜੋ ਹਰੀ ਦੇ ਨਾਮ ਅੰਮ੍ਰਿਤ ਰਸ ਨਾਲ ਅਤੇ ਸਾਰੀਆਂ ਕਲਾਂ, ਸ਼ਕਤੀਆਂ, Sovereignty ਨਾਲ ਸੰਪੂਰਣ, ਭਰਪੂਰ ਹੈ।

ਇਥੇ ਜੋ ਜਨਕ ਦਸਿਆ ਗਿਆ ਹੈ, ਇਹ ਸ੍ਰੀ ਰਾਮ ਚੰਦਰ ਜੀ ਦਾ ਸਹੁਰਾ ਸੀ। ਇਸ ਦਾ ਨਾਂ ਸੀਰਧ੍ਵਜ ਸੀ। ਇਹ ਬ੍ਰਹਮਗਿਆਨੀ, ਧਰਮਾਤਮਾ ਰਾਜਾ ਸੀ। ਇਹ ਜਾਣਦਾ ਸੀ ਕਿ ਸ੍ਰੀ ਰਾਮ ਚੰਦਰ ਜੀ, ਤ੍ਰੇਤੇ ਜੁਗ ਦੇ ਮਾਲਕ ਹਨ।

ਸ੍ਰੀ ਗੁਰੂ ਨਾਨਕ ਸਾਹਿਬ ਦੇ ਸਾਰੀਆਂ ਕਲਾਂ ਭਰਪੂਰ ਹੋਣ ਬਾਰੇ, ਸ੍ਰੀ ਗੁਰੂ ਅਰਜਨ ਸਾਹਿਬ ਨੇ, ਪੰਨਾ ੧੦੮੧ ਤੇ ਬਚਨ ਕੀਤੇ ਹਨ - 'ਸੋਲਹ ਕਲਾ ਸੰਪੂਰਨ ਫਲਿਆ॥ ਅਨਤ ਕਲਾ ਹੋਇ ਠਾਕੁਰੁ ਚੜਿਆ॥'

**ਗਾਵਹਿ ਸਨਕਾਦਿ ਸਾਧ ਸਿਧਾਦਿਕ ਮੁਨਿ ਜਨ ਗਾਵਹਿ ਅਛਲ ਛਲਾ॥**

-- ਬ੍ਰਹਮਾ ਦੇ ਸਨਕ ਆਦਿ ਚਾਰੇ ਪੁਤਰ, ਸਭ ਸਾਧੂ ਜਨ, ਸਾਰੇ ਸਿਧ, ਪੂਰਣ ਪੁਰਸ਼, ਸਾਰੇ ਮੁਨੀ, ਸਾਰੇ ਵਾਹਿਗੁਰੂ ਦੇ ਜਨ, ਉਸ ਗੁਰੂ ਨਾਨਕ ਦੇ ਗੁਣ ਗਾ ਰਹੇ ਹਨ, ਜੋ ਕਿਸੇ ਤੋਂ ਵੀ, ਮਾਇਆ ਤੋਂ ਵੀ ਨਾ ਛਲਿਆ ਜਾਣ ਵਾਲਾ ਹੈ।

**ਗਾਵੈ ਗੁਣ ਧੋਮੁ ਅਟਲ ਮੰਡਲਵੈ ਭਗਤਿ ਭਾਇ ਰਸੁ ਜਾਣਿਓ॥**

-- ਸ੍ਰੀ ਗੁਰੂ ਨਾਨਕ ਸਾਹਿਬ ਦੇ ਗੁਣ, ਰਿਖੀ ਧੋਮ, ਅਟਲ ਮੰਡਲ ਨੂੰ ਪ੍ਰਾਪਤ ਕਰਨ ਵਾਲਾ, ਧ੍ਰੂ ਭਗਤ ਵੀ ਗਾਉਂਦਾ ਹੈ ਜਿਸ ਨੇ ਭਾਉ ਭਗਤੀ ਦਾ ਰਸ ਜਾਣਿਆ ਹੈ।
ਧੋਮ ਰਿਖੀ, ਪਾਂਡਵਾਂ ਦਾ ਪੁਰੋਹਤ, ਬਹੁਤ ਉਚੀ ਅਵੱਸਥਾ ਦਾ ਮਾਲਕ ਸੀ।

**ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ॥੩॥**

-- ਕਵੀ ਕਲ, ਉਸ ਗੁਰੂ ਨਾਨਕ ਦਾ ਸੋਹਣਾ ਜਸ ਗਾਇਨ ਕਰਦਾ ਹੈ, ਸਿਮਰਦਾ ਹੈ, ਜਿਸ ਨੇ ਰਾਜ ਜੋਗ ਮਾਣਿਆ ਹੈ, ਜਿਸ ਕੋਲ ਸਾਰੀ ਕਾਇਨਾਤ ਦਾ ਰਾਜ ਹੈ ਅਤੇ ਉਸ ਨੇ ਪ੍ਰਭੂ ਨਾਲ ਜੋਗ ਕਰ ਲਿਆ ਹੈ, ਇਕ ਰੂਪ ਹੈ।੩।

ਪਾਠਕ ਇਹ ਸੋਚ ਸਕਦੇ ਹਨ ਕਿ ਪਿਛਲੇ ਜੁਗਾਂ ਵਿਚ ਦੇ ਭਗਤ, ਰਿਖੀ ਮੁਨੀ ਆਦਿ, ਕਲਿਜੁਗ ਵਿਚ ਸਰੀਰ ਧਾਰਣ ਕਰਣ ਵਾਲੇ ਦੀ ਉਸਤਤਿ ਕਿਵੇਂ ਗਾ ਸਕਦੇ ਹਨ ! ਇਸ ਬਾਣੀ ਵਿਚ, ਸਿਰਫ਼ ਉਸ ਗੁਰੂ ਨਾਨਕ ਸਾਹਿਬ ਦੀ ਵਡਿਆਈ ਨਹੀਂ ਕੀਤੀ ਗਈ ਜੋ ੧੪੬੯ ਵਿਚ ਆ ਕੇ ੧੫੩੯ ਵਿਚ ਸਰੀਰ ਛਡ ਗਏ। ਇਥੇ ਉਸ ਗੁਰੂ ਨਾਨਕ ਨੂੰ ਧਿਆਇਆ ਜਾ ਰਿਹਾ ਹੈ, ਆਦਿ ਪੁਰਖ ਦੇ ਫ਼ੁਰਮਾਣ ਅਨੁਸਾਰ, ਜਿਸਦਾ ਰਾਜ ਜੁਗੋ ਜੁਗ ਅਟਲ ਹੈ - 'ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥' ਇਹ ਗੁਰੂ ਨਾਨਕ, ਸਭ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਦਾ ਹੈ, ਕਿਵੇਂ ਤੇ ਕਿਤਨਾ ਪਹਿਲਾਂ ਦਾ ਹੈ, ਕੋਈ ਨਹੀਂ ਜਾਣਦਾ - '..ਕਹਿ ਨ ਸਕੈ ਕੋਊ ਤੂ ਕਦ ਕਾ॥', ਪੰਨਾ ੧੪੦੩. ਸਾਰੇ ਜੁਗਾਂ ਵਿਚ ਹੀ, ਗੁਰੂ ਨਾਨਕ ਦੀ ਵਡਿਆਈ ਪਰਗਟ ਹੁੰਦੀ ਰਹੀ ਹੈ - 'ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ॥', ਪੰਨਾ ੬੧੧.

ਚਲਦਾ...

